Homepagetextpage2-Punjabi

ਦਾਨ ਦਿੱਤੀ ਗਰਭ-ਧਾਰਨਾ (ਡੋਨਰ ਕਨਸੈੱਪਸ਼ਨ) ਦੇ ਨੈੱਟਵਰਕ ਵਿਚ ਤੁਹਾਡਾ ਸਵਾਗਤ ਹੈ।

ਅਸੀਂ, ਦਾਨ ਕੀਤੇ ਆਂਡਿਆਂ, ਵੀਰਜ ਜਾਂ ਭਰੂਣ ਨਾਲ ਪੈਦਾ ਹੋਏ; ਇਸ ਢੰਗ ਨਾਲ ਪਰਵਾਰ ਸ਼ੁਰੂ ਕਰਨ ਦਾ ਜਤਨ ਕਰਨ ਵਾਲੇ ਜੋੜੇ ਅਤੇ ਵਿਅਕਤੀਆਂ; ਅਤੇ ਇਕ ਦਾਨੀ ਦੀ ਵਰਤੋਂ ਨਾਲ ਜਨਮੇ ਬਾਲਗ਼ਾਂ ਵਾਲੇ 1,000 ਤੋਂ ਵਧ ਪਰਿਵਾਰਾਂ ਦਾ ਆਪਣੀ ਮਦਦ ਆਪ ਕਰਨ ਵਾਲਾ ਇਕ ਨੈੱਟਵਰਕ ਹਾਂ।

ਤੁਸੀਂ ਸਾਡੇ ਨਾਲ enquiries@dcnetwork.org ਦੇ ਈਮੇਲ ਦੇ ਪਤੇ ਰਾਹੀਂ, ਫ਼ੋਨ 0208 245 4369 ’ਤੇ ਸੰਪਰਕ ਕਰ ਸਕਦੇ ਹੋ ਜਾਂ PO Box 7471, Nottingham NG3 6ZR ਦੇ ਪਤੇ ’ਤੇ ਲਿਖ ਸਕਦੇ ਹੋ।

ਸਾਡਾ ਮੰਤਵ ਇਸ ਢੰਗ ਨਾਲ ਬਣਨ ਵਾਲੇ ਅਤੇ ਇਸ ਵੇਲੇ ਬਣੇ ਮਾਪਿਆਂ ਦਾ ਸਹਿਯੋਗ ਕਰਨਾ ਅਤੇ ਗਾਈਡ ਕਰਨਾ ਹੈ ਤਾ ਕਿ ਉਹ ਆਪਣੇ ਬੱਚਿਆਂ ਨਾਲ ਦਾਨੀ ਗਰਭ ਧਾਰਨਾ ਬਾਰੇ ਪੇਸ਼ ਆਉਂਦੇ ਮਾਮਲਿਆਂ ਬਾਰੇ ਖੁੱਲ੍ਹ ਕੇ ਗੱਲਬਾਤ ਕਰ ਸਕਣ, ਜਿਸ ਨਾਲ ਨੁਕਸਾਨ ਕਰਨ ਵਾਲੇ ਭੇਤਾਂ ਤੋਂ ਬਚ ਸਕਣ। ਸਾਡਾ ਤਜਰਬਾ ਹੈ ਕਿ ਦਾਨੀ ਗਰਭ ਧਾਰਨ ਨਾਲ ਜਨਮੇ ਬਾਲਾਂ ਦੇ ਪਾਲਣ ਪੋਸਣ ਵੇਲੇ ਅਤੇ ਉਨ੍ਹਾਂ ਦੇ ਜੀਵਨ ਦੇ ਵੱਖ ਵੱਖ ਪੜਾਵਾਂ ਵਿਚ ਇਹ ਸਵਾਲ ਉੱਠਦੇ ਹੀ ਰਹਿੰਦੇ ਹਨ।

ਦਾਨੀ ਗਰਭ ਧਾਰਨਾ ਨਾਲ ਜਨਮੇ ਲੋਕਾਂ ਕੋਲੋਂ ਗੱਲਾਂ ਲੁਕੋ ਕੇ ਰੱਖਣੀਆਂ ਘਟਾਉਣ ਲਈ ਇਕ ਹੋਰ ਕਦਮ ਵਜੋਂ ਅਸੀਂ ਗਰਭ ਧਾਰਨ ਲਈ ਦਾਨ ਕਰਨ ਵਾਲੇ ਦਾ ਨਾਂ ਲੁਕੋ ਕੇ ਰੱਖਣ ਨੂੰ ਬੰਦ ਕਰਨ ਦਾ ਸਹਿਯੋਗ ਕੀਤਾ ਹੈ।

ਅਸੀਂ ਇਸ ਸਾਈਟ ਵਿਚ ਆਉਣ ਵਾਲੇ ਉਨ੍ਹਾਂ ਜੋੜਿਆਂ ਅਤੇ ਵਿਅਕਤੀਆਂ ਦਾ ਸਵਾਗਤ ਕਰਦੇ ਹਾਂ, ਜਿਹੜੇ ਦਾਨੀ ਗਰਭ ਧਾਰਨਾ ਬਾਰੇ ਕਿਸੇ ਵੀ ਪੜਾ ’ਤੇ ਸਮੱਸਿਆਵਾਂ ਦਾ ਸਮ੍ਹਣਾ ਕਰ ਰਹੇ ਹਨ ਅਤੇ ਅਸੀਂ ਆਪਣੇ ਵਿਚੋਂ ਉਨ੍ਹਾਂ ਲੋਕਾਂ ਦੇ ਤਜਰਬਿਆਂ ਬਾਰੇ ਸੁਣਨਾ ਚਾਹੁੰਦੇ ਹਾਂ ਜੋ ਸਾਡੇ ਨਾਲੋਂ ਪਹਿਲਾਂ ਉੱਥੇ ਪਹੁੰਚੇ ਸਨ।

---

ਦਾਨ ਦਿੱਤੀ ਗਰਭ-ਧਾਰਨਾ (ਡੋਨਰ ਕਨਸੈੱਪਸ਼ਨ) ਨੈੱਟਵਰਕ ਦਾ ਮੰਤਵ

ਸੱਤਾਂ ਜੋੜਿਆਂ ਵਿਚੋਂ ਇਕ ਤਕ ਇੰਨੇ ਸਾਰੇ ਜੋੜੇ ਹਨ ਜਿਨ੍ਹਾਂ ਲਈ ਬੱਚਾ ਲੈਣਾ (ਗਰਭਧਾਰਣ ਕਰਨਾ) ਔਖਾ ਹੋ ਸਕਦਾ ਹੈ। ਇਨ੍ਹੀਂ ਵਿਚੋਂ ਕੁੱਝ ਜੋੜਿਆਂ ਲਈ ਬੱਚੇ ਲੈਣ ਦੀ ਆਸ ਪੂਰੀ ਕਰਨ ਲਈ ਇਕ ਢੰਗ ਵਿਗਿਆਨੀ ਢੰਗ ਨਾਲ ਦਾਨੀ ਵੀਰਜ ਪਾ ਕੇ ਗਰਭਧਾਰਣ ਕਰਨਾ ਹੀ ਹੋ ਸਕਦਾ ਹੈ।

ਇਸੇ ਤਰ੍ਹਾਂ ਜੇ ਇਸਤਰੀ ਪਾਰਟਨਰ ਆਂਡੇ ਨਾ ਬਣਾ ਸਕਦੀ ਹੋਵੇ, ਉੱਥੇ ਦਾਨ ਕੀਤੇ ਆਂਡੇ ਵਰਤੇ ਜਾਂਦੇ ਹਨ। ਇਕੱਲੀਆਂ ਇਸਤਰੀਆਂ ਅਤੇ ਇਸਤਰੀ ਸਮਲਿੰਗ ਭੋਗ ਕਰਨ ਵਾਲੀਆਂ (ਲੈੱਜ਼ਬਿਅਨ) ਤੀਵੀਂਆਂ ਵੀ ਜਨਮ ਦੇਣ ਦੀ ਯੋਗਤਾ ਰੱਖਦੇ (ਫ਼ਰਟਿਲੀਟੀ) ਕਲਿੱਨਿਕਸ ਦੀ ਮਦਦ ਨਾਲ ਦਾਨ ਕੀਤੇ ਵੀਰਜ ਨਾਲ ਗਰਭਵਤੀਆਂ ਹੋ ਸਕਦੀਆਂ ਹਨ।

ਇਨ੍ਹਾਂ ਦਾਨ ਕੀਤੇ ਵੀਰਜ-ਅਣੂਆਂ ਨਾਲ ਇਲਾਜ ਕਰਨ ਨਾਲ ਯੂ ਕੇ ਵਿਚ ਹਰੇਕ ਸਾਲ ਲਗਭਗ 2,000 ਬੱਚੇ ਜਨਮ ਲੈਂਦੇ ਹਨ।

Hoomepagetextpage2-Punjabi

ਇਸ ਢੰਗ ਨਾਲ ਜਨਮੇ ਬੱਚਿਆਂ ਦੇ ਮਾਪਿਆਂ ਲਈ ਇਕ ਵੱਡੀ ਸਮੱਸਿਆ ਇਹ ਹੈ ਕਿ ਉਹ ਆਪਣੇ ਬੱਚਿਆਂ, ਪਰਵਾਰ ਦੇ ਹੋਰ ਮੈਂਬਰਾਂ ਜਾਂ ਮਿੱਤਰਾਂ ਨੂੰ ਦੱਸਣ ਜਾਂ ਨਾ ਦੱਸਣ।

1993 ਵਿਚ ਡੀ ਸੀ ਨੈੱਟਵਰਕ ਉਨ੍ਹਾਂ ਮਾਪਿਆਂ ਨੇ ਸ਼ੁਰੂ ਕੀਤਾ ਸੀ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਇਹ ਦੱਸਣ ਦਾ ਫ਼ੈਸਲਾ ਕਰ ਲਿਆ ਸੀ ਕਿ ਉਹ ਕਿੰਵੇਂ ਜਨਮੇ ਸਨ ਅਤੇ ਜੋ ਇਕ ਦੂਜੇ ਦਾ ਸਹਿਯੋਗ ਕਰਨ ਲਈ ਇਕੱਠੇ ਹੋਏ ਸਨ।

ਸਾਡਾ ਵਿਚਾਰ ਹੈ ਕਿ ਸਾਡੇ ਬੱਚਿਆ ਨੂੰ ਇਹ ਜਾਣਦਿਆਂ ਹੋਇਆਂ ਵੱਡੇ ਹੋਣ ਦੀ ਲੋੜ ਹੈ ਕਿ ਉਹ ਕਿਸ ਢੰਗ ਨਾਲ ਜਨਮੇ ਸਨ।

ਸਾਡੇ ਵਿਚਾਰ ਵਿਚ ਡਾਕਟਰ ਭੇਤ ਰੱਖਣ ਦੀ ਜਿਸ ਬਿਰਤੀ ਬਾਰੇ ਸਲਾਹ ਦਿੰਦੇ ਸਨ, ਹੁਣ ਉਹ ਸੱਭ ਤੋਂ ਚੰਗੀ ਸਲਾਹ ਦਾ ਪਰਦਰਸ਼ਨ ਨਹੀਂ ਰਹੀ।

ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾ ਛੇਤੀਂ ਹੋ ਸਕੇ ਆਪਣੇ ਬੱਚਿਆਂ ਅਤੇ ਆਪਣੇ ਪਰਵਾਰਾਂ, ਦੋਵਾਂ ਨਾਲ ਗੱਲ ਕਰਨੀ ਸ਼ੁਰੂ ਕਰਨੀ ਸੱਭ ਤੋਂ ਚੰਗੀ ਗੱਲ ਹੈ ਅਤੇ ਇਹ ਕਿ ਕਿਸੇ ਦੇ ਮੂਲ (ਜਨਮ) ਜਿਹੇ ਮਹੱਤਵਪੂਰਨ ਮਾਮਲੇ ਬਾਰੇ ਭੇਤ ਰੱਖਣਾ , ਸ਼ੰਕਾ ਭਰੇ ਆਧਾਰ 'ਤੇ ਇਕ ਪਿਆਰਾ ਅਤੇ ਪੱਕਾ ਪਰਵਾਰਕ ਰਿਸ਼ਤਾ ਬਣਾ ਕੇ ਰੱਖਣਾ ਹੋਵੇਗਾ।

ਜੇ ਸਮਾਜ ਬੱਚਾ ਨਾ ਜੰਮ ਸਕਣ ਦੀ ਅਯੋਗਤਾ ਬਾਰੇ ਅਤੇ ਦਾਨੀ ਵੀਰਜ-ਅਣੂਆਂ ਦੀ ਮਦਦ ਨਾਲ ਪਰਵਾਰ ਸ਼ੁਰੂ ਕਰਨ ਬਾਰੇ ਵਧੇਰੇ ਖੱਲ੍ਹਾ ਹੋਵੇ, ਤਾਂ ਇਹ ਸੱਭ ਕੁੱਝ ਕਰਨਾ ਬਹੁਤ ਸੌਖਾ ਹੋ ਜਾਵੇਗਾ।

ਇਸ ਲਈ ਅਸੀਂ ਜਾਣ ਬੁੱਝ ਕੇ ਇਸ ਮਾਮਲੇ ਨੂੰ ਇਸ ਢੰਗ ਨਾਲ (ਸੰਚਾਰ ਸਾਧਨਾਂ) ਅਖ਼ਬਾਰਾਂ, ਰੇਡੀਉ ਅਤੇ ਟੀ ਵੀ ਵਿਚ ਸੁਹਿਰਦ ਕਵਰ ਕਰਨ ਦਾ ਜਤਨ ਕੀਤਾ ਹੈ ਜਿਸ ਨਾਲ ਜਨਤਾ ਵਿਆਪਕ ਰੂਪ ਵਿਚ ਇਸ ਢੰਗ ਨੂੰ ਸਵੀਕਾਰ ਕਰੇਗੀ।

ਮੈਂਬਰ ਬਣੋ
ਪੇਪਾਲ ਰਾਹੀਂ ਮੁੱਲ ਦੇ ਕੇ ਮੈਂਬਰਸ਼ਿਪ ਲਵੋ।
ਡੀ ਸੀ ਐੱਨ ਨੂੰ enquiries@dcnetwork.org ਦੇ ਪਤੇ 'ਤੇ ਈਮੇਲ ਰਾਹੀਂ ਵੀ ਮੈਂਬਰਸ਼ਿਪ ਬਾਰੇ ਪੁੱਛਗਿੱਛ ਦੇ ਸਵਾਲ ਭੇਜੇ ਜਾ ਸਕਦੇ ਹਨ।

ਜਾਂ, ਜੇ ਤੁਸੀਂ ਡਾਕ ਰਾਹੀਂ ਮੈਂਬਰਸ਼ਿਪ ਦਾ ਮੁੱਲ (ਸਬਸਕ੍ਰਿਪਸ਼ਨ) ਭੇਜਣਾ ਚਾਹੋ, ਤਾਂ ਮੈਂਬਰਸ਼ਿਪ ਸਬਸਕ੍ਰਿਪਸ਼ਨ ਫ਼ਾਰਮ ਵਰਤੋ।

-----------------------------------------------------------

ਜੇ ਤੁਸੀਂ ਇਸ ਵੈੱਬਸਾਈਟ ਦੇ ਕਿਸੇ ਵੀ ਹੋਰ ਪੰਨੇ ਦਾ ਅਨੁਵਾਦ ਕਰਵਾਉਣਾ ਚਾਹੋ, ਤਾਂ ਕਿਰਪਾ ਕਰ ਕੇ 020-8245 4369 'ਤੇ ਫ਼ੋਨ ਜਾਂ ਡਾਕ PO Box 7471, Nottingham NG3 6ZR ਦੇ ਪਤੇ 'ਤੇ ਜਾਂ ਈਮੇਲ ਰਾਹੀਂ enquiries@dcnetwork.org 'ਤੇ ਕੇ ਡੀ ਸੀ ਐੱਨ ਦੇ ਦਫ਼ਤਰ ਨਾਲ ਸੰਪਰਕ ਕਰੋ।